ਸਭ ਹੱਕ ਪ੍ਰਕਾਸ਼ਕਾਂ ਦੇ ਅਧੀਨ ਹਨ ॥

ਸਿਖ ਨੈਸ਼ਨਲ ਏਜੰਸੀ ਵਲੋਂ ਪ੍ਰਕਾਸ਼ਤ

ਯੋਗੇਸ਼ਵਰ ਭਰਥਰੀ ਹਰੀ ਜੀ ਕ੍ਰਿਤ

# ਵੈਰਾਗ ਸ਼ੱਤਕ

## ਸਟੀਕ

١٣
ویراگ شتک

—ਜਿਸ ਨੂੰ—

**ਪੰਡਿਤ ਹਰਿਦਿਆਲ ਜੀ ਨੇ ਸੰਸਕ੍ਰਿਤ ਤੋਂ ਮੂਲ ਭਾਸ਼ਾ ਵਿਖੇ ਰਚਿਆ**

ਜਿਸ ਦਾ ਤੁਕ ਤੁਕ ਦਾ ਟੀਕਾ ਬੜਾ ਸੁਖੇਨ ਤੇ ਸੋਧਕੇ ਕੀਤਾ ਗਿਆ ਹੈ।

**ਟੀਕਾਕਾਰ ਗਿਆਨੀ ਪ੍ਰਤਾਪ ਸਿੰਘ ਜੀ**

**ਐਡੀਟਰ ਰਸਾਲਾ 'ਮਸਤਾਨਾ' ਅੰਮ੍ਰਿਤਸਰ**

ਅਤੇ ਟੀਕਾਕਾਰ:-ਬਾਣੀ ਭਗਤਾਂ ਸਟੀਕ, ਸ਼ਲੋਕ ਸੈਹਸ ਕ੍ਰਿਤੀ ਸਟੀਕ, ਸ਼ਲੋਕ ਕਬੀਰ ਸਟੀਕ, ਸ਼ਲੋਕ ਫਰੀਦ ਸਟੀਕ, ਸ੍ਰੀ ਗੁਰੂ ਮੰਤਰ ਸਟੀਕ (ਜਪੁਜੀ ਸਾਹਿਬ ਸਟੀਕ) ਅਤੇ ਨਿਤਨੇਮ ਸਟੀਕ ਆਦਿਕ।

"ਲੇਖਕ ਤੇ ਕਰਤਾ"

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਠ ਦੀ ਵਿਧੀ, ਸੰਤਾਂ ਮਹਾਤਮਾਂ ਦੇ ਬਚਨ, ਮਹਾਰਾਣੀ ਚੰਦ੍ਰਕਲਾ, ਸ਼ੇਰ ਵਾਲੀ ਸੁੰਦ੍ਰੀ, ਸ਼ਾਹੀ ਮਸਖਰਾ, ਲੜਾਕੀ ਰੰਨ, ਡਾਕੂ ਸੁੰਦ੍ਰੀ, ਸਮੁੰਦ੍ਰੀਕ ਹੱਥ ਰੇਖਾ ਗਿਆਨ, ਛੰਦ੍ਰ ਕਾਰ ਜੋਤਸ਼, ਸੁਰ ਵਿਦਿਆ, ਸਰੋਦਾ ਗਿਆਨ, ਜਨਮ ਪੱਤਰੀ ਪ੍ਰਬੋਧ, ਕੇਰਲ ਵਿਦਯਾ, ਰਮਲ ਟੀਚਰ, ਮੰਦਾ ਤੇਜੀ ਪ੍ਰਬੋਧ ਆਦਿਕ।

**ਸੰਤਾਂ ਮਹਾਤਮਾ ਅਰ ਸਤਸੰਗੀਆਂ ਦੇ ਲਾਭ ਹਿਤ ਬੜੇ ਪ੍ਰੇਮ ਸਹਿਤ ਪ੍ਰਕਾਸ਼ਤ ਕੀਤਾ**

ਪ੍ਰਕਾਸ਼ਕ:-

**ਭਾਈ ਬੂਟਾ ਸਿੰਘ ਪ੍ਰਤਾਪ ਸਿੰਘ**

**ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ**

ਵਜ਼ੀਰ ਹਿੰਦ ਪ੍ਰੈਸ ਹਾਲ ਬਾਜ਼ਾਰ ਅੰਮ੍ਰਿਤਸਰ ਵਿਚ ਸ੍ਰਦਾਰ ਲਖਬੀਰ ਸਿੰਘ ਮੈਨੇਜਰ ਤੇ ਪ੍ਰਿੰਟਰ ਦੇ ਪ੍ਰਬੰਧ ਨਾਲ ਛਪਿਆ। [ਭੇਟਾ ੧)

322
20107

# ਸਤਿਸੰਗੀਆਂ ਤੇ ਵੈਰਾਗਵਾਨਾਂ ਲਈ ਅਮੋਲਕ ਪੁਸਤਕਾਂ

## ਭਗਤ ਨਾਮਦੇਵ ਜੀ ਦੀ ਜਨਮਸਾਖੀ ਮੂਰਤਾਂ ਸਹਿਤ

ਸ੍ਰੀ ਨਾਮਦੇਵ ਜੀ ਨੂੰ ੭੨ ਵਾਰੀ ਸ੍ਰੀ ਭਗਵਾਨ ਜੀ ਨੇ ਦਰਸ਼ਨ ਦਿਤੇ ਹਨ ਅਰ ਉਨ੍ਹਾਂ ਦੀਆਂ ਲੀਲ੍ਹਾ ਤੇ ਸਤਿਸੰਗ ਦੀਆਂ ਸਾਖੀਆਂ ਲਿਖੀਆਂ ਹਨ। ਪੁਸਤਕ ਵਡੇ ਆਕਾਰ ਦੀ ਮੂਰਤਾਂ ਸਹਿਤ ਹੈ। ਭੇਟਾ ਕੇਵਲ ੧॥) ਹੈ।

—o—

## ਹਰੀ ਭਗਤ ਮਾਲਾ:-

(ਕ੍ਰਿਤ ਗਿਆਨੀ ਪ੍ਰਤਾਪ ਸਿੰਘ ਜੀ)

ਐਸੀ ਅਮੋਲਕ ਸਭ ਤੋਂ ਵੱਡੀ ਤੇ ਪੂਰੀ ਭਗਤਮਾਲਾ ਅਜ ਤਕ ਆਪ ਨੇ ਨਹੀਂ ਦੇਖੀ, ਇਸ ਵਿਚ ਸਤਯੁਗ, ਦਵਾਪਰ-ਤ੍ਰੇਤਾ ਤੇ ਕਲਿਯੁਗ ਦੇ ਭਗਤਾਂ ਦੇ ਚਰਿਤ੍ਰ ਤੇ ਸਤਿਸੰਗ ਦੀਆਂ ਸਾਖੀਆਂ ਹਨ ਭੇਟਾ ਕੇਵਲ ੨) ਹੈ।

—o—

## ਭਗਤਾਂ ਦੀ ਬਾਣੀ ਸਟੀਕ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਖੇ ਜਿਤਨੀ ਭਗਤਾਂ ਦੀ ਬਾਣੀ ਹੈ ਤਿਸ ਦਾ ਤੁਕ ਤੁਕ ਦਾ ਟੀਕਾ ਗਿਆਨੀ ਪ੍ਰਤਾਪ ਸਿੰਘ ਜੀ ਨੇ ਕੀਤਾ ਹੈ। ਪੁਸਤਕ ਬੜੀ ਹੀ ਸੁੰਦਰ ਹੈ ਮੋਟੇ ਅੱਖਰਾਂ ਵਿਚ ੧੦੦੦ ਸਫੇ ਦੀ ਪੁਸਤਕ ਹੈ ਭੇਟਾ ਕੇਵਲ ੧॥) ਹੈ।

## ਬਿਹੰਗਮ ਬਾਣੀ

ਇਸ ਪੁਸਤਕ ਵਿਚ ਨਰੰਕਾਰ ਤੇ ਸਤਿਗੁਰੂ ਨਾਨਕ ਦੇਵ ਜੀ ਦੀ ਚਰਚਾ ਹੈ। ਮੁਕਤੀ ਦੇ ਸਾਧਨ, ਆਤਮ ਚਿੰਤਨ, ਵਾਹਿਗੁਰੂ ਨਾਮ ਦੀ ਉਪਮਾ, ਯੋਗ-ਅਭਿਆਸ ਦੀਆਂ ਯੁਕਤੀਆਂ ਆਦਿਕ ਅਨੇਕਾਂ ਗੋਝ ਬਾਤਾਂ ਹਨ ਜੋ ਸੰਤਾਂ ਮਹਾਤਮਾਂ ਤੇ ਵੈਰਾਗੀਆਂ ਲਈ ਬੜੀਆਂ ਲਾਭਦਾਇਕ ਹਨ ਭੇਟਾ ।॥)

੧੮ ਪਰਬ ਪੂਰਾ ਵਾਰਤਕ

## "ਮਹਾਂ ਭਾਰਥ"

ਤਸਵੀਰਾਂ ਸਹਿਤ ਛਪ ਗਿਆ ਹੈ ਭੇਟਾ ੩) ਵਧੀਆ ਕਾਗਜ਼ ਤੇ ਵਧੀਆ ਜਿਲਦ ੪॥)

## ਗਰੜ ਪੁਰਾਨ

ਇਸ ਪੁਸਤਕ ਵਿਚ ਗਰੜ ਤੇ ਸ੍ਰੀ ਵਿਸ਼ਨੂੰ ਭਗਵਾਨ ਜੀ ਮਹਾਰਾਜ ਦੇ ਉਤ੍ਰ ਪ੍ਰਸ਼ਨ ਪ੍ਰਲੋਕ ਸੰਬੰਧੀ ਲਿਖੇ ਹਨ, ਪ੍ਰਾਣੀ ਦੇ ੧੩ ਦਿਨਾਂ ਦੇ ਹਾਲ, ਸਰਾਧ, ਦਾਨਪੁੰਨ ਯਗ, ਕਰਮਕਾਂਡ ਆਦਿਕ ਲਿਖੇ ਹਨ। ਭੇਟਾ ੧॥)

## ਇਕਾਦਸ਼ੀ ਮਹਾਤਮ ਵਾਰਤਕ

ਪੂਰੀਆਂ ੨੬ ਇਕਾਦਸ਼ੀਆਂ ਦੀਆਂ ਕਥਾਂ ਤੇ ਫਲਾਦੇਸ਼ ਲਿਖੇ ਹਨ ਭੇਟਾ ।॥)

ਵਿਸ਼ਨੂੰ ਸਹੰਸਰ ਨਾਮ ਭਾਸ਼ਾ ਟੀਕਾ ਗੁਰਮੁਖੀ ਛਪ ਗਿਆ ਹੈ ਭੇਟਾ । = )

ਹਰ ਪ੍ਰਕਾਰ ਦੀਆਂ ਪੁਸਤਕਾਂ ਇਸ ਪਤੇ ਤੋਂ ਮੰਗਾਓ:-

**ਭਾਈ ਬੂਟਾਸਿੰਘ ਪ੍ਰਤਾਪ ਸਿੰਘ ਪੁਸਤਕਾਂ ਵਾਲੇ**

ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ

੮੯੧.੨੧
੩੧੨ ਦੈ



## ਸੰਖੇਪ ਜੀਵਨ ਬ੍ਰਿਤਾਂਤ

# ਭਰਥਰੀ ਹਰੀ ਜੀ

ਸ੍ਰੀ ਭਰਥਰੀ ਹਰੀ ਜੀ ਅਪਣੇ ਸਮੇਂ ਦੇ ਬੜੇ ਪ੍ਰਸਿੱਧ ਯੋਗੀ ਅਰ ਜੀਵਨ ਮਕਤ ਹੋ ਚੁਕੇ ਹਨ। ਉਜੈਨ ਨਗਰੀ ਦੇ ਨੇੜੇ ਅੱਜ ਭੀ ਇਕ ਗੁਫਾ ਭਰਥਰੀ ਹਰੀ ਦੇ ਨਾਮ ਤੋਂ ਪ੍ਰਸਿੱਧ ਹੈ। ਕਾਠੀਆਵਾੜ ਦੇ ਪ੍ਰਭਾਸ ਪਾਟਨ ਵਿਚ ਸੋਮੇਸ਼ਵਰ ਮਹਾਂਦੇਵ ਦਾ ਅਸਥਾਨ ਹੈ ਉਸ ਤੋਂ ਸਤ ਅਠ ਮੀਲ ਤੇ ਗੋਰਖ ਪਖਸ਼ੀ ਨਾਮ ਦਾ ਇਕ ਪਿੰਡ ਹੈ ਉਥੇ ਹੀ ਗੁਰੂ ਗੋਰਖਨਾਥ ਜੀ ਦੇ ਪਾਸ ਰਹਿਕੇ ਚਿਰਾਂ ਤਕ ਭਰਥਰੀ ਜੀ ਨੇ ਯੋਗਾ ਅਭਿਆਸ ਕੀਤਾ। ਯੋਗੇਂਦ੍ਰ ਭਰਥਰੀ ਹਰੀ ਜੀ ਹੁਣ ਤਕ ਅਮਰ ਕਹੇ ਜਾਂਦੇ ਹਨ। ਇਨ੍ਹਾਂ ਦੀ ਰਚਨਾ ਭਰਥਰੀ ਤ੍ਰੈ ਸ਼ਤਕ ਪੁਸਤਕ ਸੰਸਕ੍ਰਿਤ ਵਿਚ ਮੌਜੂਦ ਹਨ, ਉਸ ਦੇ ਤਿੰਨ ਭਾਗ—ਨੀਤੀ, ਸ਼ਿੰਗਾਰ ਤੇ ਵੈਰਾਗ ਹਨ। ਵੈਰਾਗ ਸ਼ਤਕ ਦਾ ਸੰਸਕ੍ਰਿਤ ਤੋਂ ਹਿੰਦੀ ਕਵਿਤਾ ਵਿਚ ਪੰਡਤ ਹਰਦਿਆਲ ਜੀ ਨੇ ਰਚਿਆ ਅਰ ਅਸਾਂ ਸਤਿਸੰਗੀਆਂ ਦੇ ਲਾਭ ਹਿਤ ਪੰਜਾਬੀ ਟੀਕਾ ਤੁਕ ਤੁਕ ਦਾ ਕਰ ਦਿਤਾ ਹੈ।

ਕੋਈ ਦੋ ਹਜ਼ਾਰ ਸਾਲ ਹੋਏ ਭਰਥਰੀ ਜੀ ਉਜੈਨ ਨਗਰੀ ਦੇ ਰਾਜੇ ਸਨ। ਇਨ੍ਹਾਂ ਦੇ ਦੂਜੇ ਭਾਈ ਦਾ ਨਾਮ ਬਿਕ੍ਰਮਾਜੀਤ ਸੀ। ਰਾਜਾ ਗੰਧਰਵ ਸੈਨ ਦੇ ਲੜਕੇ ਸਨ। ਪਿਤਾ ਦੇ ਪਿਛੋਂ ਦੋਨੋਂ ਭਰਾ ਬੜੀ ਚੰਗੀ ਤਰਾਂ ਪ੍ਰੇਮ ਪੂਰਬਕ ਰਾਜ ਕਰਦੇ ਰਹੇ। ਭਰਥਰੀ ਜੀ ਦੀਆਂ ਤਿੰਨ ਰਾਣੀਆਂ ਸਨ ਇਨ੍ਹਾਂ ਵਿਚੋਂ ਪਿੰਗਲਾ ਰਾਣੀ ਬੜੀ ਚਤਰ ਤੇ ਸੁੰਦਰ ਸੀ, ਰਾਜਾ ਨੂੰ ਉਸ ਨੇ ਆਪਣੇ ਵਸ ਕਰ ਛਡਿਆ ਸੀ। ਅਪਨੇ ਵਡੇ ਭਾਈ ਨੂੰ ਕਾਮਾਸਤਕ ਦੇਖਕੇ ਬਿਕ੍ਰਮ ਜੀ ਆਪਣੇ ਰਾਜ ਭਾਗ ਨੂੰ ਚੰਗੀ ਤਰਾਂ ਦੇਖਣ ਭਾਲਣ ਲਗੇ। ਹਰ ਮਹਿਕਮੇ ਦੇ ਆਦਮੀਆਂ ਦੀ ਚਾਲ ਢਾਲ ਦੇਖਦੇ। ਰਾਣੀ ਪਿੰਗਲਾ ਦਾ ਪ੍ਰੇਮੀ ਇਕ ਘੋੜ ਸ਼ਾਲ ਦਾ ਦਾਰੋਗਾ ਸੀ ਉਸ ਨੇ ਰਾਣੀ ਨੂੰ ਸਿਖਲਾਇਆ। ਰਾਣੀ ਨੇ ਰਾਜਾ ਦੇ ਐਸੇ ਕੰਨ ਭਰੇ ਕਿ ਰਾਜਾ ਨੇ ਬਿਕ੍ਰਮ ਤੇ ਕਈ ਅਲਜ਼ਾਮ ਲਾਕੇ ਉਸ ਨੂੰ ਦੇਸ ਨਿਕਾਲਾ ਦੇ ਦਿੱਤਾ।

ਬਿਕ੍ਰਮ ਦੇ ਪਿਛੋਂ ਰਾਜ ਭਾਗ ਵਿਗੜਨ ਲਗੇ। ਇਕ ਦਿਨ ਰਾਜਾ ਦਰਬਾਰ ਵਿਚ ਬੈਠੇ ਸਨ ਕਿ ਇਕ ਵੇਸ਼ਵਾ ਨੇ ਆਕੇ ਇਕ ਫਲ ਰਾਜਾ ਦੀ ਭੇਟਾ ਕੀਤਾ ਅਰ ਕਿਹਾ ਕਿ ਰਾਜਨ ਮੈਨੂੰ ਇਹ ਫਲ ਕਿਤੋਂ ਹੱਥ ਲਗਾ ਹੈ, ਇਹ ਅਮਰ ਫਲ ਹੈ

ਆਪ ਦੇ ਲਾਇਕ ਸਮਝਕੇ ਆਪ ਦੀ ਭੇਟਾ ਕਰਦੀ ਹਾਂ।

ਰਾਜਾ ਇਹ ਫਲ ਦੇਖਕੇ ਹੈਰਾਨ ਰਹਿ ਗਿਆ ਕਿਉਂਕਿ ਇਹ ਫਲ ਰਾਜਾ ਕੋਲ ਪਹਿਲੇ ਇਕ ਪੰਡਤ ਨੇ ਲਿਆਕੇ ਭੇਟਾ ਕੀਤਾ ਸੀ, ਉਸ ਪੰਡਤ ਨੂੰ ਇਕ ਯੋਗੀ ਨੇ ਉਹ ਅਮਰ ਫਲ ਪ੍ਰਸੰਨ ਹੋਕੇ ਦਿੱਤਾ ਸੀ ਅਰ ਰਾਜਾ ਨੇ ਰਾਣੀ ਨੂੰ ਉਹ ਫਲ ਦੇ ਦਿੱਤਾ ਸੀ।

ਰਾਜਾ ਨੇ ਵੇਸਵਾ ਨੂੰ ਡਰਾਕੇ ਸਭ ਹਾਲ ਪੁਛ ਲਿਆ। ਸਾਈਸ ਦੇ ਘਰ ਦੀ ਤਲਾਸ਼ੀ ਲੈਣ ਤੋਂ ਰਾਜਾ ਨੂੰ ਰਾਣੀ ਦੀਆਂ ਬਹੁਤ ਚੀਜ਼ਾਂ ਮਿਲੀਆਂ। ਰਾਣੀ ਦੀ ਖਾਸ ਗੋਲੀ ਨੇ ਭੀ ਰਾਜਾ ਨੂੰ ਸਭ ਭੇਤ ਦਸ ਦਿਤੇ। ਹੁਣ ਰਾਜੇ ਦੀਆਂ ਅੱਖਾਂ ਖੁਲ੍ਹੀਆਂ ਅਰ ਪੂਰਨ ਵੈਰਾਗ ਸੰਸਾਰ ਵਲੋਂ ਉਪਜ ਆਇਆ। ਰਾਜ ਪਾਟ ਅਰ ਰਾਣੀ ਨੂੰ ਤਿਆਗਕੇ ਭਰਥਰੀ ਜੀ ਗੁਰੂ ਮਛੰਦ੍ਰ ਨਾਥ ਦੇ ਆਸ਼ਰਮ ਵਿਚ ਪਹੁੰਚੇ।

ਗੋਰਖ ਨਾਥ ਜੀ ਨੇ ਭਰਥਰੀ ਦੇ ਵੈਰਾਗ ਨੂੰ ਪੂਰਨ ਕਰਨ ਹਿਤ ਆਪਣੇ ਦੋ ਚੇਲਿਆਂ ਦੇ ਨਾਲ ਰਾਣੀਆਂ ਤੋਂ ਭਿਖਸ਼ਾ ਲੈਣ ਲਈ ਭੇਜਿਆ। ਰਾਜਾ ਪ੍ਰੀਖਿਆ ਵਿਚ ਪੂਰਾ ਉਤ੍ਰਿਆ, ਗੋਰਖ ਨਾਥ ਜੀ ਨੇ ਪ੍ਰਸੰਨ ਹੋਕੇ ਗਿਆਨ ਵੈਰਾਗ ਦੇ ਉਪਦੇਸ਼ ਤੇ ਆਤਮ ਚਿੰਤਨ ਅਰ ਯੋਗ ਆਸਨ ਅਰ ਯੋਗ ਸਿੱਧੀਆਂ ਦੀਆਂ ਪੂਰਨ ਯੁਕਤੀਆਂ ਦੇ ਭੇਤ ਦਸੇ।

ਭਰਥਰੀ ਜੀ ਨੇ ਬਹੁਤ ਕਾਲ ਤਕ ਯੋਗ ਸਾਧਨ ਕਰਕੇ ਬ੍ਰਹਮ ਸਾਖਸ਼ਾਤਕਾਰ ਦਾ ਅਨੁਭਵ ਕੀਤਾ।

ਰਾਜਾ ਭਰਥਰੀ ਹਰਿ ਵਿਦ੍ਵਾਨ ਅਰ ਭਗਵਾਨ ਸਨ ਉਨ੍ਹਾਂ ਤੇ ਭਗਵਾਨ ਦੀ ਕ੍ਰਿਪਾ ਸੀ ਜਿਸ ਕਰਕੇ ਉਹ ਚਿਕੜ ਵਿਚ ਫਸਕੇ ਫਿਰ ਨਿਕਲ ਗਏ। ਉਨ੍ਹਾਂ ਪੁਰਸ਼ਾਂ ਨੂੰ ਦੇਖਕੇ ਦੁਖ ਹੁੰਦਾ ਹੈ ਜੋ ਸੰਸਾਰੀ ਪਦਾਰਥਾਂ ਰੂਪੀ ਚਿਕੜ ਵਿਚੋਂ ਨਿਕਲ ਕੇ ਫਿਰ ਉਨ੍ਹਾਂ ਵਿਚ ਫਸਣ ਦੀ ਕੋਸ਼ਸ਼ ਕਰਦੇ ਹਨ। ਭਗਵਾਨ ਐਸੇ ਮਨੁਸ਼ਾਂ ਦੀ ਰਖਿਆ ਕਰੇ।

ਇਹ ਵੈਰਾਗ ਸ਼ਤਕ ਸਤਿਸੰਗੀਆਂ ਦੇ ਅਤੀ ਲਾਭ ਦੀ ਪੁਸਤਕ ਹੈ ਅਰ ਇਸ ਤੋਂ ਪੂਰਨ ਲਾਭ ਪ੍ਰਾਪਤ ਕਰਨ ਲਈ ਇਸ ਦੇ ਟੀਕੇ ਦੀ ਅਵਸ਼ਕਤਾ ਸੀ।

ਆਸ਼ਾ ਹੈ ਕਿ ਵਿਦਵਾਨ ਮੇਰੇ ਇਸ ਟੀਕੇ ਨੂੰ ਸਵੀਕਾਰ ਕਰਨਗੇ ਤਾਂ ਮੈਂ ਆਪਣੀ ਮੇਹਨਤ ਨੂੰ ਸਫਲੀ ਸਮਝਾਂ।

ਸਤਿਸੰਗੀਆਂ ਦਾ ਦਾਸ—ਟੀਕਾਕਾਰ:—

**ਪ੍ਰਤਾਪ ਸਿੰਘ ਗਿਆਨੀ**

ਹਰ ਪ੍ਰਕਾਰ ਦੀਆਂ ਪੁਸਤਕਾਂ ਮੰਗਾਉਣ ਦਾ ਪਤਾ:—

**ਭਾ: ਬੂਟਾ ਸਿੰਘ ਪ੍ਰਤਾਪ ਸਿੰਘ ਪੁਸਤਕਾਂ ਵਾਲੇ ਬਾਜ਼ਾਰ ਮਾਈ ਸੇਵਾਂ ਅੰਮ੍ਰਿਤਸਰ**

**TO READ THE ENTIRE BOOK PLEASE CONTACT US:**

whatsapp: +92-3160770117

email: worldcentreforpunjabi@gmail.com

World Centre for Punjabi, Lahore, Pakistan.